www.a2zpapers.com

**Exam. Code : 108506**
**Subject Code : 2612**

**B.Com. Semester—VI**

**PUNJABI COMPULSORY**

**Paper–BCG–602 (i)**

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

1. ਨਿਮਨ-ਲਿਖਤ ਵਿੱਚੋਂ ਕਿਸੇ **ਇਕ** ਕਹਾਣੀ ਦਾ ਵਿਸ਼ਾ-ਵਸਤੂ ਲਿਖੋ :

   (ੳ) ਫੈਸਲਾ

   (ਅ) ਉਹ ਸੋਚਦੀ। 10

2. ਨਿਮਨ-ਲਿਖਤ ਵਿੱਚੋਂ ਕਿਸੇ **ਇਕ** ਨਿਬੰਧ ਦਾ ਸਾਰ ਲਿਖੋ :

   (ੳ) ਗੱਪ ਬਾਜ਼

   (ਅ) ਭੁੱਖੜ। 10

3. ਨਿਮਨ-ਲਿਖਤ ਵਿੱਚੋਂ ਕਿਸੇ **ਇਕ** ਵਿਸ਼ੇ 'ਤੇ ਲੇਖ-ਰਚਨਾ ਕਰੋ :

   (ੳ) ਅਜੋਕੀ ਵਿਦਿਆ ਪ੍ਰਣਾਲੀ

   (ਅ) ਆਤੰਕਵਾਦ

   (ੲ) ਸੰਪ੍ਰਦਾਇਕਤਾ। 5



www.a2zpapers.com

www.a2zpapers.com

4. ਹੇਠ ਲਿਖੇ ਪੈਰ੍ਹੇ ਦੀ ਇਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ :

ਅੱਜ ਵੀ, ਪਹਿਲਾ ਵਾਂਗ, ਸਾਡੇ ਆਲੇ-ਦੁਆਲੇ ਸਿਆਸੀ ਭ੍ਰਿਸ਼ਟਾਚਾਰ, ਵਿਭਚਾਰ ਅਤੇ ਸਮਾਜਿਕ ਵਿਗਾੜ ਦਾ ਵਰਤਾਰਾ ਵੱਡੇ ਪੱਧਰ 'ਤੇ ਵਿਆਪਕ ਹੈ, ਪਰ ਸਾਡਾ ਲੇਖਕ ਅਜੇ ਵੀ ਸੌਖੇ ਤੇ ਸੁਰੱਖਿਅਤ ਰਾਹ ਤੇ ਚਲ ਕੇ ਆਪਣਾ ਜੀ ਪਰਚਾ ਰਿਹਾ ਹੈ। ਉਹ ਬੀਤੇ ਵੱਲ ਵੇਖ ਕੇ, ਬੀਤੇ ਦੀ ਭਾਵਨਾ ਅਤੇ ਭਾਵਨਾਤਮਕ ਲਹਿਰਾਂ ਵਿੱਚ ਰੁੜ੍ਹ ਕੇ ਆਪਣਾ ਲੇਖਕ ਜੀਵਨ ਬਿਤਾ ਰਿਹਾ ਹੈ। ਬੀਤੇ ਯੁਗ ਦਾ ਇਕ ਉਚਿਤ ਸਥਾਨ ਹੁੰਦਾ ਹੈ, ਸਗੋਂ ਅਹਿਮ ਸਥਾਨ ਹੁੰਦਾ ਹੈ, ਪਰ ਬੀਤੇ ਉੱਤੇ ਨਿਸਲ ਹੋ ਕੇ ਬੈਠੇ ਰਹਿਣਾ ਲੇਖਕ ਦੇ ਮੂਲ ਮਨੋਰਥ ਲਈ ਹਾਨੀਕਾਰਕ ਹੋ ਸਕਦਾ ਹੈ। ਹੁਣ ਅਤੇ ਅੱਜ ਦੀ ਘੜੀ ਦੇ ਸਨਮੁਖ ਹੋਣਾ ਉਸ ਦਾ ਮਨੋਰਥ ਜਾਂ ਮਿਸ਼ਨ ਹੋਣਾ ਚਾਹੀਦਾ ਹੈ। ਲੋੜ ਹੈ ਉਸ ਨੂੰ ਅੱਜ ਦੀ ਘੜੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਲਿਖਣ ਦੀ। ਜ਼ਰੂਰਤ ਹੈ, ਤੁਹਾਡੇ ਅਤੇ ਮੇਰੇ ਦੁਆਲੇ ਵਰਤ ਰਹੇ ਵਰਤਾਰੇ ਉੱਤੋਂ ਪਰਦੇ ਲਾਹ ਕੇ ਵਰਤਮਾਨ ਪਰਸਥਿਤੀਆਂ ਦੇ ਯਥਾਰਥ ਵਿੱਚ ਜੂਝਣ ਦੀ। 5

5. ਕਿਰਿਆ ਵਾਕੰਸ਼ ਦੀ ਪਰਿਭਾਸ਼ਾ, ਬਣਤਰ ਅਤੇ ਕਿਸਮਾਂ ਬਾਰੇ ਵਿਸਥਾਰ ਸਹਿਤ ਲਿਖੋ। 10



www.a2zpapers.com

www.a2zpapers.com

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ। ਹਰੇਕ ਦਾ ਉੱਤਰ 50 ਸ਼ਬਦਾਂ ਤੋਂ ਵੱਧ ਨਾ ਹੋਵੇ :

(ੳ) 'ਸਾਂਝ' ਕਹਾਣੀ ਵਿੱਚ ਕਿਸ ਸਾਂਝ ਨੂੰ ਵਿਸ਼ਾ ਬਣਾਇਆ ਗਿਆ ਹੈ ?

(ਅ) 'ਗੁਲਬਾਨੋ' ਕਹਾਣੀ ਦਾ ਮੂਲ ਵਿਸ਼ਾ ਕੀ ਹੈ ?

(ੲ) 'ਘੱਟਣਾ' ਕਹਾਣੀ ਦੇ ਮੁੱਖ ਪਾਤਰ ਕਿਸ਼ਨੇ ਦਾ ਸ਼ਹਿਰ ਵਿੱਚ ਦਿਲ ਕਿਉਂ ਨਹੀਂ ਲਗਦਾ ?

(ਸ) ਮਨੁੱਖ ਕੁਦਰਤ ਦੀ 'ਨੇਕ ਔਲਾਦ' ਕਿਉਂ ਨਹੀਂ ?

(ਹ) ਵਧੀਆ ਗੱਲ-ਬਾਤ ਦੀ ਕੀ ਵਿਸ਼ੇਸ਼ਤਾ ਹੁੰਦੀ ਹੈ ?

5×2=10



www.a2zpapers.com